Alberta

News release

# ਅਲਬਰਟਾ ਨਸਲਵਾਦ ਵਿਰੋਧੀ ਸਲਾਹਕਾਰ ਕਾਂਉਸਲ ਵੱਲੋਂ ਸਿਫਾਰਸ਼ਾਂ

ਜੂਨ 11, 2021

## ਅਲਬਰਟਾ ਐਂਟੀ ਰੇਸਿਜ਼ਮ ਐਡਵਾਈਜ਼ਰੀ ਕਾਂਉਸਲ ਵੱਲੋਂ ਸੂਬੇ ਵਿੱਚ ਨਸਲਵਾਦ ਨਾਲ ਨਜਿੱਠਣ ਲਈ ਸਿਫਾਰਿਸ਼ਾਂ ਜਾਰੀ ਕੀਤੀਆਂ ਗਈਆਂ ਹਨ।

ਅਲਬਰਟਾ ਸਰਕਾਰ ਨੂੰ ਸੌਂਪੀਆਂ ਸਿਫ਼ਾਰਸ਼ਾਂ ਚਾਰ ਪਹਿਲ ਖੇਤਰਾਂ ਉੱਤੇ ਸਬ-ਕਮੇਟੀਆਂ ਦੀ ਖੋਜ ਦੇ ਅਧਾਰ ਤੇ ਸਨ: ਅਜਿਹੀ ਸਰਕਾਰ ਜੋ ਅਲਬਰਟਾ ਨੂੰ ਦਰਸਾਉਂਦੀ ਹੈ; ਨਫ਼ਰਤ ਅਪਰਧਾਂ ਅਤੇ ਨਫ਼ਰਤ ਦੀਆਂ ਘਟਨਾਵਾਂ ਨੂੰ ਰੋਕਣਾ ਅਤੇ ਪ੍ਰਤੀਕ੍ਰਿਆ ਦੇਣਾ; ਇਕ ਦੂਸਰੇ ਲਈ ਸਤਿਕਾਰ ਦੀ ਸਿੱਖਿਆ; ਅਤੇ ਕੰਮ ਸਥਾਨ ਤੇ ਸਕਿੱਲ ਅਤੇ ਤਜ਼ਰਬਿਆਂ ਦੀ ਕਦਰ ਕਰਨੀ।

ਅਲਬਰਟਾ ਸਰਕਾਰ ਵੱਲੋਂ ਨਸਲਵਾਦ ਵਿਰੋਧੀ ਕਈ ਉੱਧਮਾਂ ਤੇ ਕੰਮ ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ ਸ਼ਾਮਿਲ ਹੈ ਨਫਰਤ ਅਪਰਾਧ ਸੰਪਰਕ ਪ੍ਰਣਾਲੀ ਅਤੇ ਹੇਟ ਕ੍ਰਾਈਮ ਤਾਲਮੇਲ ਯੂਨਿਟ, ਫਸਟ ਨੇਸ਼ਨਜ਼ ਪੁਲਿਸਿੰਗ ਦੀ ਪੁਲਿਸ ਐਕਟ ਹੇਠ ਪਛਾਣ, ਕਾਰਡਿੰਗ ਤੇ ਬੈਨ, ਅਲਬਰਟਾ ਸਕਿਓਰਿਟੀ ਬੁਨਿਆਦੀ ਢਾਂਚਾ ਪ੍ਰੋਗਰਾਮ ਸ਼ੁਰੂ ਕਰਨਾ, ਫੇਅਰ ਰਜਿਸਟ੍ਰੇਸ਼ਨ ਪੈਕਟਿਸ ਐਕਟ ਨੂੰ ਚਲਾਉਣਾ ਅਤੇ ਫੇਰਨੈਂਸ ਫਾਰ ਨਿਊਕਮਰਜ਼ ਆਫਿਸ ਸ਼ੁਰੂ ਕਰਨਾ ਜੋ ਨਵੇਂ ਅਲਬਰਟਾਵਾਸੀਆਂ ਦੀ ਉਨ੍ਹਾਂ ਦੇ ਸਰਟੀਫਿਕੇਟਾਂ ਨੂੰ ਮਾਨਤਾ ਦਿਵਾਉਣ ਅਤੇ ਸਰਕਾਰ ਦੀ ਸਾਂਝੀ ਨੀਤੀ ਬਨਾਉਣ ਵਿੱਚ ਸਹਾਇਤਾ ਕਰੇਗਾ।ਇਹ ਸਿਫਾਰਿਸ਼ਾਂ ਅੱਗੇ ਜਾ ਕੇ ਨਸਲਵਾਦ ਵਿਰੋਧੀ ਉੱਧਮਾਂ ਵਿੱਚ ਸਰਕਾਰ ਦੇ ਕੰਮ ਦੀ ਸਿਫਾਰਿਸ਼ ਕਰਨਗੀਆਂ।

### ਸਬੰਧਿਤ ਜਾਣਕਾਰੀ

- Alberta Anti-Racism Advisory Council recommendations (PDF)

# ਕਮਜ਼ੋਰ ਅਲਬਰਟਾਵਾਸੀਆਂ ਦੀ ਨਫਰਤ ਕਰਕੇ ਅਪਰਾਧਾਂ (ਹੇਟ ਕ੍ਰਾਈਮ) ਤੋਂ ਸੁਰੱਖਿਆ

ਜੂਨ 11, 2021

## ਨਵਾਂ ਅਲਬਰਟਾ ਸੁਰੱਖਿਆ ਇੰਨਫਰਾਸਟਰੱਕਚਰ ਪ੍ਰੋਗਰਾਮ ਸੁਰੱਖਿਆ ਦੇ ਨਵੀਨੀਕਰਨ ਵਿੱਚ ਫੰਡਿੰਗ ਕਰਕੇ ਨਫਰਤ ਅਪਰਾਧਾਂ ਦੇ ਨਿਸ਼ਾਨੇ ਤੇ ਲੋਕਾਂ ਦੀ ਰੱਖਿਆ ਕਰੇਗਾ।

ਇਸ ਪਤਝੱੜ(ਫਾਲ) ਤੋਂ ਨਫਰਤੀ ਹਿੰਸਾ ਜਾਂ ਤੋੜ ਫੋੜ ਦੇ ਸਭ ਤੋਂ ਵੱਧ ਨਿਸ਼ਾਨੇ ਤੇ ਆਉਣ ਵਾਲੀਆਂ ਧਾਰਮਿਕ ਅਤੇ ਨਸਲੀ ਸੰਸਥਾਵਾਂ ਅਤੇ ਮੂਲ ਨਿਵਾਸੀ ਸਮੂਹ ਆਪਣੀ ਸੁਰੱਖਿਆ ਅਤੇ ਤਕਨੀਕੀ ਸੁਧਾਰਾਂ ਲਈ ਗ੍ਰਾਂਟ ਪ੍ਰਾਪਤ ਕਰਨ ਲਈ ਅਰਜੀ ਦੇ ਸਕਣਗੇ।

ਸਹੂਲਤ(ਫੈਸਿਲਿਟੀ) ਵਿੱਚ ਸੁਰੱਖਿਆ ਅਤੇ ਨਿਗਰਾਨੀ ਪ੍ਰਣਾਲੀ ਦਾ ਨਵੀਨੀਕਰਨ ਅਤੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਵਿਅਕਤੀਆਂ ਅਤੇ ਪ੍ਰਾਪਰਟੀ ਦੀ ਤੋੜਫੋੜ ਅਤੇ ਹੋਰ ਅਪਰਾਧਿਕ ਗਤੀਵਿਧੀਆਂ ਤੋਂ ਰੱਖਿਆ ਕਰੇਗਾ। ਪ੍ਰੋਗਰਾਮ ਵਿੱਚ ਕ ਤਰਾਂ ਦੇ ਸੁਰੱਖਿਆ ਉਪਾਵਾਂ ਜਿਵੇਂ ਸੁਰੱਖਿਆ ਪਲੈਨਿੰਗ, ਸਿੱਖਿਆ ਅਤੇ ਟ੍ਰੇਨਿੰਗ ਤੱਕ ਪਹੁੰਚ ਅਸਾਨ ਹੋਵੇਗੀ।

ਗ੍ਰਾਂਟ ਐਪਲੀਕੇਸ਼ਨ ਲਈ ਸ਼ੁਰੂਆਤ ਇਸ ਫਾਲ ਤੋਂ ਹੋਵੇਗੀ। ਕੁਲ 500,000 ਡਾਲਰ ਦੀ ਰਾਸ਼ੀ ਮੁਹੱਈਆ ਹੋਵੇਗੀ ਜਿਸ ਵਿੱਚੋਂ ਯੋਗ ਬਿਨੇਕਾਰਾਂ ਨੂੰ 10,000 ਡਾਲਰ ਤੱਕ ਟ੍ਰੇਨਿੰਗ ਅਤੇ ਸਕਿਉਰਿਟੀ ਮੁਲਾਂਕਣ ਲਈ ਅਤੇ 90,000 ਡਾਲਰ ਤੱਕ ਸਕਿਉਰਿਟੀ ਬੁਨਿਆਦੀ ਢਾਂਚੇ ਲਈ ਦਿੱਤੇ ਜਾਣਗੇ। ਪ੍ਰੋਗਰਾਮ ਲਈ ਯੋਗਤਾ ਅਤੇ ਅਰਜੀ ਪ੍ਰਕਿਰਿਆ ਬਾਰੇ ਹੋਰ ਜਾਣਕਾਰੀ ਆਉਣ ਵਾਲੇ ਮਹੀਨਿਆਂ ਵਿੱਚ ਮਿਲੇਗੀ।

## ਨਫਰਤ ਕਾਰਨ ਅਪਰਾਧਾਂ ਵਿਰੁੱਧ ਸਟੈਂਡ ਲੈਣਾ

ਜੂਨ 10, 2021

ਅਲਬਰਟਾ ਸਰਕਾਰ, ਨਸਲੀ ਪਿਛੋਕੜ ਦੇ ਅਲਬਰਟਾਵਾਸੀਆਂ ਦੀ ਸੁਰੱਖਿਆ ਅਤੇ ਸੁਣਵਾਈ ਨੂੰ ਯਕੀਨੀ ਬਨਾਉਣ ਲਈ ਨਫਰਤ ਅਪਰਾਧਾਂ ਅਤੇ ਨਸਲਵਾਦ ਨਾਲ ਨਜਿੱਠਣ ਨਵੇਂ ਕਨੂੰਨਾਂ ਅਤੇ ਤਾਜਾ ਦ੍ਰਿਸ਼ਟੀਕੋਣ ਬਣਾ ਰਹੀ ਹੈ।

ਨਫਰਤ ਅਪਰਾਧਾਂ ਲਈ ਨਵੀਂ ਕਮਿਊਨਿਟੀ ਲੀਜਨ(ਸੰਪਰਕ) ਹੇਟ ਕ੍ਰਾਈਮ ਦੇ ਸਭ ਤੋਂ ਵੱਧ ਨਿਸ਼ਾਨੇ ਤੇ ਨਸਲੀ ਅਤੇ ਧਾਰਮਿਕ ਸਮੂਹ ਅਤੇ ਜਿਨਸੀ ਘੱਟ ਗਿਣਤੀ ਭਾਈਚਾਰਿਆਂ ਨਾਲ ਸਿੱਧੇ ਤੌਰ ਤੇ ਸੰਪਰਕ ਕਰੇਗੀ। ਇੰਨਾਂ ਗਰੁੱਪਾਂ ਨਾਲ ਕੰਮ ਕਰਕੇ ਲੀਜਨ ਸੂਬੇ ਵਿੱਚ ਨਫਰਤ ਅਪਰਾਧਾਂ ਅਤੇ ਘਟਨਾਵਾਂ ਨਾਲ ਨਜਿੱਠਣ ਵਈ ਕਈ ਤਰਾਂ ਦੇ ਤਰੀਕੇ ਅਤੇ ਸੁਝਾਅ ਪ੍ਰਦਾਨ ਕਰੇਗ।

ਅਲਬਰਟਾ ਸੂਬਾਈ ਨਫਰਤ ਅਪਰਾਧ ਤਾਲਮੇਲ ਯੂਨਿਟ ਦਾ ਗਠਨ ਕਰੇਗਾ। ਇਹ ਯੂਨਿਟ ਲਾਅ ਇੰਫੋਰਸਮੈਂਟ(ਪੁਲਿਸ ਆਦਿ) ਨਾਲ ਸੂਬੇ ਵਿੱਚ ਹੇਟ ਕ੍ਰਾਈਮ ਨਿਯੰਤਰਣ ਕਸ਼ਿਸ਼ਾਂ ਵਿੱਚ ਸੁਧਾਰ ਲਿਆਉਣ, ਟ੍ਰੇਨਿੰਗ ਸਹੂਲਤਾਂ ਅਤੇ ਜਾਂਚ ਸਹਾਇਤਾ ਪ੍ਰਦਾਨ ਕਰਨ ਲਈ ਕੰਮ ਕਰੇਗਾ।

ਦੋਵੇਂ, ਨਵੀਂ ਲੀਜਨ ਪੋਜੀਸ਼ਨ ਅਤੇ ਤਾਲਮੇਲ ਕਮੇਟੀ ਅਜੇ ਵਿਕਾਸ ਦੇ ਮੁਢਲੇ ਪੜਾਅ ਵਿੱਚ ਹਨ। ਵਧੇਰੇ ਜਾਣਕਾਰੀ ਆਉਣ ਵਾਲੇ ਹਫਤਿਆਂ ਵਿੱਚ ਸਾਂਝੀ ਕੀਤੀ ਜਾਵੇਗੀ।

Classification: Public
Classification: Public